# ਦਫਤਰ ਜਿਲਾ ਮੈਜਿਸਟਰੇਟ, ਜਲੰਧਰ
**Office of the District Magistrate**
Jalandhar (Punjab)

No. ..........................
Date ..........................

Phone :0181-2224783(O)
:0181-2459664(R)
Fax :0181-2224737
Email: dc.jal@punjabmail.gov.in


## <u>ਹੁਕਮ-</u>

ਕੋਵਿਡ-19 (ਕਰੋਨਾ ਵਾਇਰਸ) ਵਾਇਰਸ ਵੱਲੋਂ ਪੂਰੇ ਵਿਸ਼ਵ ਵਿੱਚ ਦਹਿਸ਼ਤ ਫੈਲਾਈ ਹੈ। ਜਿਸ ਨੂੰ ਸਰਕਾਰ ਵੱਲੋਂ ਵੀ ਮਹਾਂਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿੱਚ ਵੀ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੋ ਚੁੱਕੀ ਹੈ।

ਜਿਸ ਨੂੰ ਮੁੱਖ ਰੱਖਦੇ ਹੋਏ ਮੇਰੇ ਹੁਕਮ ਜੋ ਕਿ ਇਸ ਦਫਤਰ ਦੇ ਪੱਤਰ ਨੰ 3062-85/ਐਮ.ਸੀ-4/ਐਮ.ਏ ਮਿਤੀ 23-03-2020 ਰਾਂਹੀ ਜਿਲ੍ਹਾ ਜਲੰਧਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਜਾਰੀ ਕੀਤੇ ਗਏ ਸਨ। ਕਰਫਿਊ ਦੇ ਦੌਰਾਨ ਆਟੇ ਦੀ ਕਿਲਤ ਨਾ ਹੋਵੇ ਇਸ ਲਈ ਫਲੋਰ ਮਿਲ ਅਤੇ ਆਟਾ ਚੱਕੀਆਂ ਨੂੰ ਆਟਾ ਪੀਸਣ ਦੀ ਇਜਾਜਤ ਦਿੱਤੀ ਜਾਂਦੀ ਹੈ। ਜੋ ਕਰਿਆਨਾ ਦੇ ਹੋਲ ਸੇਲਰ/ਰਿਟੇਲਰ ਹਨ ਉਹ ਸਿਧੇ ਤੌਰ ਤੇ ਇਹਨਾਂ ਚੱਕੀਆਂ ਤੋਂ ਆਟਾ ਚੁੱਕ ਸਕਦੇ ਹਨ। ਇਹ ਸਾਰਾ ਆਪਰੇਸ਼ਨ ਕਰਦੇ ਸਮੇਂ ਲੋਡਿੰਗ ਅਨਲੋਡਿੰਗ ਕਰਦੇ ਸਮੇਂ 10 ਤੋਂ ਵੱਧ ਵਿਅਕਤੀ ਇਕ ਸਥਾਨ ਉਤੇ ਇਕੱਠੇ ਨਹੀਂ ਹੋਣਗੇ ਅਤੇ ਮਾਸਕ ਆਦਿ ਦਾ ਇਸਤੇਮਾਲ ਕਰਨਾ ਯਕੀਨੀ ਬਣਾਉਣਗੇ। ਇਹਨਾਂ ਸਾਰੀਆਂ ਚੱਕੀਆਂ ਨੂੰ ਕਣਕ ਦੀ ਸਪਲਾਈ ਕਰਨ ਸਬੰਧੀ ਪੇਮੇਂਟ ਬੇਸਿਸ ਤੇ ਕਣਕ ਦਿਵਾਉਣ ਦੀ ਕੁਆਰਡਿਨੇਸ਼ਨ ਸ੍ਰੀ ਨਰਿੰਦਰ ਸਿੰਘ, ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਜਲੰਧਰ ਅਤੇ ਸ੍ਰੀ ਜਨਕ ਰਾਜ, ਜਿਲ੍ਹਾ ਮੈਨੇਜਰ ਪਨਸਪ, ਜਲੰਧਰ ਕਰਨਗੇ। ਆਟਾ ਚੱਕੀਆਂ/ਫਲੋਰ ਮਿਲਾਂ ਨੂੰ ਜਾ ਰਹੀ ਕਣਕ ਅਤੇ ਆਟਾ ਦੇਣ ਜਾ ਰਹੇ ਵਾਹਨਾਂ/ਰੇਹੜਿਆਂ/ਥ੍ਰੀ-ਵੀਹਲਰਾਂ ਨੂੰ ਕਰਫਿਊ ਦੌਰਾਨ ਕਿਸੇ ਪਾਸ ਦੀ ਲੋੜ ਨਹੀਂ ਹੋਵੇਗੀ। ਇਹਨਾਂ ਵਾਹਨਾਂ ਨੂੰ ਕਿਤੇ ਵੀ ਰੋਕਿਆ ਨਹੀਂ ਜਾਵੇਗਾ।

ਜਿਲ੍ਹਾ ਮੈਜਿਸਟਰੇਟ, 26/3/2020
ਜਲੰਧਰ।

ਪਿੱਠ ਅੰਕਣ ਨੰ. 4114-4122/ਐਮ.ਸੀ.4/ਐਮ.ਏ ਮਿਤੀ- 26-03-2020

ਇਸ ਦਾ ਇਕ ਉਤਾਰਾ ਹੇਠ ਦਰਜ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਕਮਿਸ਼ਨਰ ਜਲੰਧਰ ਮੰਡਲ, ਜਲੰਧਰ
2. ਕਮਿਸ਼ਨਰ ਆਫ ਪੁਲਿਸ ਜਲੰਧਰ ਅਤੇ ਸੀਨੀਅਰ ਪੁਲਿਸ ਕਪਤਾਨ (ਦਿਹਾਤੀ) ਜਲੰਧਰ
3. ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਜਲੰਧਰ।
4. ਕਮਿਸ਼ਨਰ ਨਗਰ ਨਿਗਮ, ਜਲੰਧਰ
5. ਜਿਲ੍ਹਾ ਕੰਟਰੋਲਰ, ਖੁਰਾਕ ਅਤੇ ਸਿਵਲ ਸਪਲਾਈ, ਜਲੰਧਰ
6. ਜਿਲ੍ਹਾ ਮੈਨੇਜਰ ਪਨਸਪ, ਜਲੰਧਰ
7. ਸਮੂਹ ਤਹਿਸੀਲਦਾਰ/ਨਾਇਬ ਤਹਿਸੀਲਦਾਰ, ਜਿਲ੍ਹਾ ਜਲੰਧਰ
8. ਜਿਲ੍ਹਾ ਲੋਕ ਸੰਪਰਕ ਅਫਸਰ, ਜਲੰਧਰ
9. ਸੁਪਰਡੰਟ ਗਰੇਡ-1, ਪੀ.ਏ. ਟੂ ਡੀ.ਐਮ., ਸਟੈਨੋ ਟੂ ਏ.ਡੀ.ਐਮ, ਸਟੈਨੋ ਟੂ ਏ.ਸੀ(ਜ), ਸਟੈਨੋ ਟੂ ਏ.ਸੀ(ਸ਼)

ਵਾ. ਜਿਲ੍ਹਾ ਮੈਜਿਸਟਰੇਟ
ਜਲੰਧਰ।